## ਜਮਾਤ-ਸੱਤਵੀਂ ਪਾਠ-7 ਬਾਲ-ਖੇਡਾਂ

## ਸਾਹਿਤ ਰੂਪ-ਕਵਿਤਾ ਮਨਮੋਹਨ ਸਿੰਘ ਦਾਊਂ



ਮਨਮੋਹਨ ਸਿੰਘ ਦਾਊਂ

**ਪ੍ਰਸ਼ਨ (ੳ) ਰਲ਼-ਮਿਲ਼ ਕੇ ਭੋਲ਼ੇ-ਭਾਲ਼ੇ ਬੱਚੇ ਕੀ ਕਰਦੇ ਹਨ?**
ਉੱਤਰ: ਭੋਲ਼ੇ-ਭਾਲ਼ੇ ਬੱਚੇ ਰਲ਼-ਮਿਲ਼ ਕੇ ਖੇਡਾਂ ਖੇਡਦੇ ਹਨ।

**ਪ੍ਰਸ਼ਨ (ਅ)'ਬਾਲ-ਖੇਡਾਂ ਕਵਿਤਾ ਵਿੱਚ ਕਿਹੜੀਆਂ-ਕਿਹੜੀਆਂ ਬਾਲ-ਖੇਡਾਂ ਦਾ ਜ਼ਿਕਰ ਆਇਆ ਹੈ?**
ਉੱਤਰ: ਬਾਲ ਖੇਡਾਂ ਕਵਿਤਾ ਵਿੱਚ ਲੁੱਕਣ-ਮੀਚੀ, ਕੋਟਲ਼ਾ-ਛਪਾਕੀ, ਕੂਕਾਂ-ਕਾਂਗੜੇ ਕਬੱਡੀ, ਪਿੱਠੂ-ਗਰਮ, ਅੰਨਾ-ਝੋਟਾ, ਪੀਚੋ, ਲੂਣ-ਮਧਾਣੀ, ਭੰਡਾ-ਭੰਡਾਰੀਆ, ਰੱਸੀ-ਟੱਪਾ,ਗੀਟੇ ਆਦਿ ਬਾਲ ਖੇਡਾਂ ਦਾ ਜ਼ਿਕਰ ਆਇਆ ਹੈ।

**ਪ੍ਰਸ਼ਨ (ੲ) ਕਵਿਤਾ ਅਨੁਸਾਰ ਕੁੜੀਆਂ ਕਿਹੜੀਆਂ ਬਾਲ-ਖੇਡਾਂ ਖੇਡਦੀਆਂ ਹਨ?**
ਉੱਤਰ: ਕਵਿਤਾ ਅਨੁਸਾਰ ਕੁੜੀਆਂ ਰੱਸੀ-ਟੱਪਾ ਅਤੇ ਗੀਟੇ ਖੇਡਦੀਆਂ ਹਨ।



**ਪ੍ਰਸ਼ਨ (ਸ) ਕਵੀ ਆਪਣੇ ਬਚਪਨ ਨੂੰ ਕਿਉਂ ਯਾਦ ਕਰਦਾ ਹੈ?**
ਉੱਤਰ: ਕਵੀ ਆਪਣੇ ਬਚਪਨ ਨੂੰ ਇਸ ਲਈ ਯਾਦ ਕਰਦਾ ਹੈ ਕਿਉਂਕਿ ਬਚਪਨ ਵਿੱਚ ਇਨ੍ਹਾਂ ਖੇਡਾਂ ਨੂੰ ਖੇਡ ਕੇ ਬਹੁਤ ਨਜ਼ਾਰਾ ਆਉਂਦਾ ਸੀ।

**ਪ੍ਰਸ਼ਨ 3. ਨਿਮਨ-ਲਿਖਤ ਕਾਵਿ-ਸਤਰਾਂ ਦੀ ਵਿਆਖਿਆ ਕਰੋ।**
ਉੱਤਰ: ਬੱਚੇ ਕਦੇ ਪਿੱਠੂ ਗਰਮ ਦੀ ਖੇਡ ਖੇਡਦੇ ਹਨ ਅਤੇ ਗੇਂਦ ਮਾਰ ਕੇ ਪਿੱਠੂ ਨੂੰ ਢਾਹੁੰਦੇ ਹਨ।ਉਹ ਕਦੇ ਅੰਨ੍ਹਾ ਝੋਟਾ ਬਣ-ਬਣ ਭੱਜਦੇ ਹਨ ਅਤੇ ਕਦੇ ਪੀਚੋ ਖੇਡ ਕੇ ਉਨ੍ਹਾਂ ਦਾ ਮਨ ਨਹੀਂ ਭਰਦਾ।





**ਪ੍ਰਸ਼ਨ 5. ਮਿਲਾਨ ਕਰੋ:**

| | |
|---|---|
| ਲੁਕਣ-ਮੀਟੀ | ਢਾਵਣ |
| ਪਿੱਠੂ | ਨੱਸਣ |
| ਭੰਡਾ-ਭੰਡਾਰੀਆ | ਕੁੜੀਆਂ |
| ਰੱਸੀ-ਟੱਪਾ | ਬੋਝ |

**ਪ੍ਰਸ਼ਨ 6. ਸਮਾਨਾਰਥੀ ਸ਼ਬਦ:**
ਬੱਚੇ - ਨਿਆਣੇ,ਬਾਲ,ਜਾਤਕ,ਸ਼ਿਸ਼ੂ
ਆੜੀ - ਦੋਸਤ, ਮਿੱਤਰ, ਬੇਲੀ
ਨੱਸਣ - ਭੱਜਣ, ਦੌੜਨ
ਧਰਤੀ - ਭੋਂ, ਜ਼ਮੀਨ, ਧਰਾਤਲ, ਭੂਮੀ
ਲੱਭਣ - ਭਾਲਣ, ਖੋਜਣ, ਢੂੰਡਣ
ਸ਼ਾਮ - ਆਥਣ, ਤ੍ਰਿਕਾਲਾਂ, ਸੰਝ







ਤਿਆਰ ਕਰਤਾ ਕਮਲਜੀਤ ਸਿੰਘ ਪੰਜਾਬੀ ਮਾਸਟਰ ਸਹਸ ਰੱਤਾਖੇੜਾ